
**ਜਮਾਤ – ਦਸਵੀਂ** **ਇਕਾਂਗੀ – ਦੂਜਾ ਵਿਆਹ** **ਲੇਖਕ – ਸੰਤ ਸਿੰਘ ਸੇਖੋਂ**

**1. ਹੇਠ ਲਿਖੀ ਵਾਰਤਾਲਾਪ ਨੂੰ ਧਿਆਨ ਨਾਲ ਪੜ੍ਹ ਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:**

**(ੳ) "ਮੇਰਾ ਤਾਂ ਕੋਈ ਨਹੀਂ ਕਰਦਾ ਜੀਅ, ਤੁਸੀਂ ਆਪਣੇ ਪੁੱਤਰ ਦੇ ਦੂਜੇ ਵਿਆਹ ਦੇ ਡਰਾਵੇ ਦਿੰਦੇ ਰਹਿੰਨੇ ਓਂ।ਪਰ, ਮਾਂ ਜੀ, ਮੈਂ ਮਗਰੋਂ ਨਹੀਂ ਲਹਿਣ ਵਾਲ਼ੀ ਐਡੀ ਸੌਖੀ।ਤੁਸੀਂ ਕਰੋ ਸਈ ਆਪਣੇ ਪੁੱਤ ਦਾ ਦੂਜਾ ਵਿਆਹ, ਮੈਂ ਤੁਹਾਡੇ ਦਰ ਤੇ ਸ਼ਹੀਦ ਹੋ ਕੇ ਨਾ ਮਰ ਜਾਵਾਂ।"**



**1. ਇਹ ਸ਼ਬਦ ਕਿਸ ਇਕਾਂਗੀ ਵਿੱਚੋਂ ਹਨ?**

**ਉੱਤਰ: ਦੂਜਾ ਵਿਆਹ**

**2. ਇਸ ਇਕਾਂਗੀ ਦਾ ਲੇਖਕ ਕੌਣ ਹੈ?**

**ਉੱਤਰ: ਸੰਤ ਸਿੰਘ ਸੇਖੋਂ**

**3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ?**

**ਉੱਤਰ: ਮਨਜੀਤ ਨੇ ਆਪਣੀ ਸੱਸ ਨਿਹਾਲ ਕੌਰ ਨੂੰ**


**4. ਮਨਜੀਤ ਦੀ ਸੱਸ ਉਸ ਨੂੰ ਕਿਸ ਗੱਲ ਦਾ ਡਰਾਵਾ ਦਿੰਦੀ ਹੈ?**

**ਉੱਤਰ: ਆਪਣੇ ਪੁੱਤ ਦੇ ਦੂਜੇ ਵਿਆਹ ਦਾ**

**5. ਸੱਸ ਵੱਲੋਂ ਦਿੱਤੇ ਡਰਾਵੇ ਦੇ ਸੰਬੰਧ ਵਿੱਚ ਮਨਜੀਤ ਕੀ ਆਖਦੀ ਹੈ?**

**ਉੱਤਰ: ਮਨਜੀਤ ਆਖਦੀ ਹੈ ਕਿ ਉਹ ਆਪਣੇ ਪਤੀ ਦਾ ਦੂਜਾ ਵਿਆਹ ਹੋਣ ਦੀ ਸੂਰਤ ਵਿੱਚ ਉਹ ਸਹੁਰਿਆਂ ਦੇ ਘਰ ਅੱਗੇ ਸ਼ਹੀਦ ਹੋ ਜਾਵੇਗੀ।**

**(ਅ) "ਜਦੋਂ ਬਾਪੂ ਜੀ ਸਿਪਾਹੀ ਭਰਤੀ ਹੋਏ, ਤਾਂ ਉਨ੍ਹਾਂ ਦਾ ਵਿਆਹ ਹੋਇਆ ਸੀ।ਸਰਦਾਰ ਬਣਨ ਵੇਲੇ ਤੱਕ ਇੱਕ ਮੁੰਡਾ ਤੇ ਇੱਕ ਕੁੜੀ, ਮੈਂ ਤੇ ਭੈਣ ਹੀ ਪੈਦਾ ਹੋਏ ਤੇ ਬਾਪੂ ਜੀ ਨੇ ਫ਼ੌਜੀ ਨੁਕਤੇ ਤੋਂ ਐਨੀ ਕੁ ਸੰਤਾਨ ਕਾਫ਼ੀ ਨਾ ਸਮਝਿਆ ਤੇ ਦੂਜਾ ਵਿਆਹ ਕਰਵਾ ਲਿਆ।"**




**1. ਇਹ ਸ਼ਬਦ ਕਿਸ ਇਕਾਂਗੀ ਵਿੱਚੋਂ ਹਨ?**

**ਉੱਤਰ: ਦੂਜਾ ਵਿਆਹ**

**2. ਇਸ ਇਕਾਂਗੀ ਦਾ ਲੇਖਕ ਕੌਣ ਹੈ?**

**ਉੱਤਰ: ਸੰਤ ਸਿੰਘ ਸੇਖੋਂ**

**3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ?**

**ਉੱਤਰ: ਸੁਖਦੇਵ ਸਿੰਘ ਨੇ ਆਪਣੀ ਪਤਨੀ ਮਨਜੀਤ ਨੂੰ ਕਹੇ**

**4. ਬਾਪੂ ਜੀ ਦੇ ਸਰਦਾਰ ਬਣਨ 'ਤੇ ਪਰਿਵਾਰ ਵਿੱਚ ਕੀ ਵਾਧਾ ਹੋਇਆ ?**

ਉੱਤਰ: ਇੱਕ ਮੁੰਡਾ ਤੇ ਇੱਕ ਕੁੜੀ ਦਾ ਵਾਧਾ ਹੋਇਆ ।

5. ਬਾਪੂ ਜੀ ਦੁਆਰਾ ਦੂਜਾ ਵਿਆਹ ਕਰਾਉਣ ਪਿੱਛੇ ਕੀ ਸੋਚ ਕੰਮ ਕਰਦੀ ਸੀ?

ਉੱਤਰ: ਬਾਪੂ ਜੀ ਫ਼ੌਜੀ ਨੁਕਤੇ ਅਨੁਸਾਰ ਦੋ ਬੱਚਿਆਂ ਨੂੰ ਘੱਟ ਸਮਝਦੇ ਸਨ ਇਸ ਲਈ ਉਹ ਹੋਰ ਸੰਤਾਨ ਪ੍ਰਾਪਤ ਕਰਨਾ ਚਾਹੁੰਦੇ ਸਨ ।

(ੲ) "ਦੁਖੀ ਤਾਂ ਹੈ, ਪਰ ਗੱਲ ਕੀ ਐ? ਦੁਖੀ ਦਾ ਤਾਂ ਮੈਂਨੂੰ ਪਤਾ ਈ ਐ।ਜਗੀਰਦਾਰਾਂ ਦੇ ਘਰ ਧੀ ਨੂੰ ਵਿਆਹ ਕੇ ਤੂੰ ਸੁੱਖ ਦੀ ਆਸ ਦੀ ਆਸ ਰੱਖੀ ਹੋਣੀ ਐ?"

1. ਇਹ ਸ਼ਬਦ ਕਿਸ ਇਕਾਂਗੀ ਵਿੱਚੋਂ ਹਨ?

ਉੱਤਰ: ਦੂਜਾ ਵਿਆਹ

2. ਇਸ ਇਕਾਂਗੀ ਦਾ ਲੇਖਕ ਕੌਣ ਹੈ?

ਉੱਤਰ: ਸੰਤ ਸਿੰਘ ਸੇਖੋਂ

3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ?

ਉੱਤਰ: ਇਹ ਸ਼ਬਦ ਗੁਰਦਿੱਤ ਸਿੰਘ ਨੇ ਆਪਣੀ ਪਤਨੀ ਨਿਹਾਲ ਕੌਰ ਨੂੰ ਕਹੇ।

4. ਗੁਰਦਿੱਤ ਸਿੰਘ ਨੂੰ ਕਿਸ ਗੱਲ ਦਾ ਪਤਾ ਹੈ?

ਉੱਤਰ: ਗੁਰਦਿੱਤ ਸਿੰਘ ਨੂੰ ਸਹੁਰੇ ਘਰ ਵਿੱਚ ਧੀ ਦੇ ਸੁਖੀ ਨਾ ਹੋਣ ਦਾ ਪਤਾ ਹੈ।

5. ਗੁਰਦਿੱਤ ਸਿੰਘ ਅਨੁਸਾਰ ਉਸ ਦੀ ਧੀ ਦੇ ਦੁਖੀ ਹੋਣ ਦਾ ਕਾਰਨ ਕੀ ਸੀ?

ਉੱਤਰ: ਗੁਰਦਿੱਤ ਸਿੰਘ ਅਨੁਸਾਰ ਉਸ ਦੀ ਧੀ ਦੇ ਦੁਖੀ ਹੋਣ ਦਾ ਕਾਰਨ ਉਸ ਦਾ ਜਗੀਰਦਾਰਾਂ ਦੇ ਘਰ ਵਿਆਹੀ ਹੋਣਾ ਹੈ।

(ਸ) "ਨੀ ਬਹੂ,ਮੈਂਨੂੰ ਮਾਫ਼ ਕਰੀਂ,ਮੈਂ ਤੇਰੇ ਨਾਲ ਜਿਹੜੀਆਂ ਦੂਜੇ ਵਿਆਹ ਦੀਆਂ ਗੱਲਾਂ ਕੀਤੀਆਂ ਨੇ।ਮੈਂ ਭੁੱਲੀ! ਮੈਂ ਤਾਂ ਆਪ ਏਸ ਦੂਜੇ ਵਿਆਹ ਦਾ ਬਥੇਰਾ ਦੁੱਖ ਭੋਗ ਚੁੱਕੀ ਆਂ।ਮੇਰੀ ਧੀ 'ਤੇ ਇਹ ਹੋਣੀ ਕਿਹੜੇ ਪਾਪ ਦਾ ਫ਼ਲ ਹੋ ਕੇ ਬੀਤਦੀ ਐ? ਜਿਹੜੇ, ਬਹੂ, ਮੈਂ ਤੈਂਨੂੰ ਬੋਲ-ਕਬੋਲ ਕਹੇ ਨੇ, ਉਨ੍ਹਾਂ ਬੋਲਾਂ ਦੀ ਮੈਂ ਤੈਤੋਂ ਤੇ ਵਾਹਿਗੁਰੂ ਤੋਂ ਮਾਫ਼ੀ ਮੰਗਦੀ ਆਂ।"

1. ਇਹ ਸ਼ਬਦ ਕਿਸ ਇਕਾਂਗੀ ਵਿੱਚੋਂ ਹਨ?

ਉੱਤਰ: ਦੂਜਾ ਵਿਆਹ

2. ਇਸ ਇਕਾਂਗੀ ਦਾ ਲੇਖਕ ਕੌਣ ਹੈ?

ਉੱਤਰ: ਸੰਤ ਸਿੰਘ ਸੇਖੋਂ

3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ?

ਉੱਤਰ: ਇਹ ਸ਼ਬਦ ਨਿਹਾਲ ਕੌਰ ਨੇ ਆਪਣੀ ਨੂੰਹ ਮਨਜੀਤ ਨੂੰ ਕਹੇ।

4. ਨਿਹਾਲ ਕੌਰ ਆਪਣੀ ਨੂੰਹ ਤੋਂ ਮਾਫ਼ੀ ਕਿਉਂ ਮੰਗਦੀ ਹੈ?

ਉੱਤਰ: ਨਿਹਾਲ ਕੌਰ ਆਪਣੀ ਨੂੰਹ ਮਨਜੀਤ ਤੋਂ ਦੂਜੇ ਵਿਆਹ ਦੀਆਂ ਧਮਕੀਆਂ ਦੇਣ ਲਈ ਮਾਫ਼ੀ ਮੰਗਦੀ ਹੈ ਕਿਉਂਕਿ ਉਹ ਆਪ ਦੂਜੇ ਵਿਆਹ ਦਾ ਦੁੱਖ ਭੋਗ ਚੁੱਕੀ ਹੈ।

5. ਨਿਹਾਲ ਕੌਰ ਆਪਣੀ ਧੀ ਦੀ ਕਿਹੜੀ ਹੋਣੀ ਦੀ ਗੱਲ ਕਰਦੀ ਹੈ?

ਉੱਤਰ: ਨਿਹਾਲ ਕੌਰ ਆਪਣੀ ਧੀ ਨੂੰ ਉਸ ਦੇ ਪਤੀ ਦੁਆਰਾ ਦਿੱਤੀ ਜਾ ਰਹੀ ਦੂਜਾ ਵਿਆਹ ਕਰਾਉਣ ਦੀ ਧਮਕੀ ਦੀ ਹੋਣੀ ਦੀ ਗੱਲ ਕਰਦੀ ਹੈ।

## 2. ਮਨਜੀਤ ਦਾ ਪਾਤਰ-ਚਿਤਰਨ ਕਰੋ।

ਉੱਤਰ: ਮਨਜੀਤ 'ਦੂਜਾ ਵਿਆਹ' ਇਕਾਂਗੀ ਦੀ ਸਭ ਤੋਂ ਵੱਧ ਮਹੱਤਪੂਰਨ ਪਾਤਰ ਹੈ।ਉਹ ਸੁਖਦੇਵ ਦੀ ਪਤਨੀ ਅਤੇ ਨਿਹਾਲ ਕੌਰ ਦੀ ਨੂੰਹ ਹੈ।ਉਸ ਦਾ ਵਿਆਹ ਹੋਏ ਨੂੰ ਢਾਈ ਸਾਲ ਹੋ ਗਏ ਸਨ ਪਰ ਉਸ ਦਾ ਕੋਈ ਬੱਚਾ ਨਹੀਂ ਸੀ ਹੋਇਆ। ਇਕਾਂਗੀ ਦੀ ਸਮੱਸਿਆ ਦੀ ਪੇਸ਼ਕਾਰੀ ਵਿੱਚ ਉਸ ਦਾ ਕਾਰਜ ਮਹੱਤਵਪੂਰਨ ਹੈ।

ਗੁੱਸੇ ਵਿੱਚ ਨਾ ਆਉਣ ਵਾਲੀ ਤੇ ਹਸਮੁੱਖ - ਉਹ ਬਹੁਤ ਸਮਝਦਾਰ ਹੈ ਅਤੇ ਸੱਸ ਦੀਆਂ ਕੌੜੀਆਂ ਗੱਲਾਂ ਦਾ ਰਤਾ ਵੀ ਬੁਰਾ ਨਹੀਂ ਮਨਾਉਂਦੀ, ਸਗੋਂ ਹਰ ਗੱਲ ਨੂੰ ਹੱਸ ਕੇ ਟਾਲਦੀ ਹੈ।

ਨਿਮਰਤਾ ਵਾਲੀ - ਉਸ ਵਿੱਚ ਬਹੁਤ ਨਿਮਰਤ ਹੈ ਉਸ ਦੀ ਸੱਸ ਉਸ ਨੂੰ ਕਿੰਨਾ ਕੁੱਝ ਬੋਲ ਜਾਂਦੀ ਹੈ ਪਰ ਉਲਟ ਕੇ ਉਸ ਨੂੰ ਕੋਈ ਰੁੱਖਾ ਸ਼ਬਦ ਨਹੀਂ ਬੋਲਦੀ। ਉਹ ਆਪਣੇ ਆਪ ਨੂੰ 'ਸਭ ਦੀ ਸੇਵਕ' ਤੇ 'ਹੌਲੀ ਮੱਤ ਵਾਲੀ' ਕਹਿੰਦੀ ਹੈ।

ਪਤੀ ਤੇ ਵੱਡਿਆਂ ਦਾ ਸਤਿਕਾਰ ਕਰਨ ਵਾਲੀ - ਉਹ ਆਪਣੇ ਪਤੀ ਦਾ ਸਤਿਕਾਰ ਕਰਦੀ ਹੈ। ਨਿਹਾਲ ਕੌਰ ਦੀ ਊਜ ਦਾ ਉੱਤਰ ਦਿੰਦੀ ਹੋਈ ਕਹਿੰਦੀ ਹੈ, "..ਮੈਂ ਕੌਣ ਆ ਸਿਖਾਉਣ ਵਾਲੀ ਉਨ੍ਹਾਂ ਏਨੇ ਪੜ੍ਹਿਆਂ-ਲਿਖਿਆਂ ਨੂੰ? ਉਨ੍ਹਾਂ ਤੋਂ ਤਾਂ ਦੁਨੀਆਂ ਸਿੱਖਦੀ ਐ।"ਉਹ ਆਪਣੀ ਸੱਸ ਤੇ ਸਹੁਰੇ ਦਾ ਵੀ ਸਤਿਕਾਰ ਕਰਦੀ ਹੈ।

ਹਾਸ-ਰਸ ਪੈਦਾ ਕਰਨ ਵਾਲੀ - ਉਸ ਦੇ ਵਾਰਤਾਲਾਪ ਇਕਾਂਗੀ ਵਿੱਚ ਹਾਸ-ਰਸ ਪੈਦਾ ਕਰਦੇ ਹਨ।ਉਸ ਦੀ ਹਾਜ਼ਰ-ਜੁਆਬੀ, ਵਿਅੰਗ ਤੇ ਕਾਰਜ ਹਾਸੇ ਦਾ ਮਾਹੌਲ ਪੈਦਾ ਕਰਦਾ ਹੈ।

ਦਲੀਲ ਨਾਲ ਗੱਲ ਕਰਨ ਵਾਲੀ - ਉਹ ਆਪਣੀ ਕੌੜੇ ਤੇ ਈਰਖਾਲੂ ਸੁਭਾ ਦੀ ਸੱਸ ਨਾਲ ਦਲੀਲ ਨਾਲ ਗੱਲ ਕਰਦੀ ਹੈ।

ਨਵੇਂ ਖਿਆਲਾਂ ਦੀ ਮਾਲਕ - ਨਵੇਂ ਖਿਆਲਾਂ ਦੀ ਇਸਤਰੀ ਹੋਣ ਕਾਰਨ ਉਹ ਘੁੰਡ

ਨਹੀਂ ਕੱਢਦੀ ਤੇ ਇਸਤਰੀ ਸਭਾ ਦੀ ਮੈਂਬਰ ਬਣੀ ਹੋਈ ਹੈ।

ਇੱਕ ਸਮਾਜ-ਸੇਵਿਕਾ – ਉਹ ਇਸਤਰੀ ਸਭਾ ਦੀ ਮੈਂਬਰ ਹੈ ਜੋ ਇਸਤਰੀਆਂ ਨਾਲ ਹੋ ਰਹੇ ਅਨਿਆਂ ਵਿਰੁੱਧ ਲੜਦੀ ਹੈ।ਉਹ ਆਪਣੀ ਸੱਸ ਨੂੰ ਆਖਦੀ ਹੈ ਕਿ ਉਨ੍ਹਾਂ ਦੀ ਸਭਾ ਨਨਾਣ ਨਾਲ ਹੋਏ ਧੱਕੇ ਵਿਰੁੱਧ ਲੜੇਗੀ।

ਘਰ ਦੇ ਕੰਮਾਂ ਨੂੰ ਦਿਲਚਸਪੀ ਨਾਲ ਕਰਨ ਵਾਲੀ – ਮਨਜੀਤ ਘਰ ਦੇ ਕੰਮਾਂ ਨੂੰ ਬੜੀ ਦਿਲਚਸਪੀ ਨਾਲ ਕਰਦੀ ਹੈ।ਉਹ ਰੋਟੀ ਪਕਾਉਂਦੀ, ਸਬਜ਼ੀ ਤੇ ਕੜਾਹ ਆਦਿ ਤਿਆਰ ਕਰਦੀ ਹੈ।

ਆਪਣੇ ਹੱਕਾਂ ਉੱਤੇ ਪਹਿਰਾ ਦੇਣ ਵਾਲੀ – ਉਹ ਆਪਣੇ ਹੱਕਾਂ ਅਤੇ ਫ਼ਰਜ਼ਾਂ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਹੈ।ਉਹ ਆਪਣੀ ਸੱਸ ਨੂੰ ਕਹਿੰਦੀ ਹੈ, "ਤੁਸੀਂ ਕਰੋ ਸਈ ਆਪਣੇ ਪੁੱਤਰ ਦਾ ਦੂਜਾ ਵਿਆਹ, ਮੈਂ ਤੁਹਾਡੇ ਦਰ ਤੇ ਸ਼ਹੀਦ ਹੋ ਕੇ ਨਾ ਮਰ ਜਾਵਾਂ।"

ਇੱਕ ਸੁਚੱਜੀ ਨੂੰਹ – ਉਹ ਆਪਣੇ ਨਾਲ ਬੁਰਾ ਸਲੂਕ ਕਰਨ ਵਾਲੀ ਸੱਸ ਨਾਲ ਬੁਰਾ ਸਲੂਕ ਨਹੀਂ ਕਰਦੀ।ਉਹ ਧੁੱਪ ਆਈ ਵੇਖ ਕੇ ਉਸ ਦਾ ਚਰਖਾ ਛਾਵੇਂ ਕਰ ਦਿੰਦੀ ਹੈ।ਉਹ ਘਰ ਦੇ ਵਾਤਾਵਰਨ ਨੂੰ ਸੁਖਾਵਾਂ ਰੱਖਣ ਦਾ ਯਤਨ ਕਰਦੀ ਹੈ।

ਪ੍ਰਸ਼ਨ 3. ਨਿਹਾਲ ਕੌਰ ਦਾ ਚਰਿੱਤਰ-ਚਿੱਤਰਨ ਕਰੋ।

ਉੱਤਰ: ਨਿਹਾਲ ਕੌਰ 'ਦੂਜਾ ਵਿਆਹ' ਇਕਾਂਗੀ ਦੀ ਮਹੱਤਵਪੂਰਨ ਪਾਤਰ ਹੈ। ਉਹ ਸੁਖਦੇਵ ਦੀ ਮਾਂ ਅਤੇ ਮਨਜੀਤ ਦੀ ਸੱਸ ਹੈ।ਉਸ ਦੇ ਪਤੀ ਦਾ ਨਾਂ ਗੁਰਦਿੱਤ ਸਿੰਘ ਹੈ।ਇਕਾਂਗੀ ਵਿੱਚ ਉਸ ਦਾ ਰੋਲ ਨਕਾਰਾਤਮਕ ਹੈ।ਇਕਾਂਗੀਕਾਰ ਨੇ ਉਸ ਦਾ ਚਰਿੱਤਰ ਵਿਅੰਗਮਈ ਢੰਗ ਨਾਲ ਚਿੱਤਰਿਆ ਹੈ।

ਗੱਲ-ਗੱਲ ਤੇ ਨੁਕਸ ਕੱਢਣ ਵਾਲੀ ਤੇ ਕੌੜੇ ਸੁਭਾ ਦੀ ਮਾਲਕ – ਉਹ ਬਹੁਤ ਕੌੜੇ ਸੁਭਾ ਦੀ ਮਾਲਕ ਹੈ।ਉਹ ਆਪਣੀ ਨੂੰਹ ਦਾ ਗੱਲ-ਗੱਲ ਵਿੱਚ ਨੁਕਸ ਕੱਢਦੀ ਹੈ। ਉਸ ਨੂੰ ਉਸ ਦੇ ਢਾਈ ਸਾਲਾਂ ਵਿੱਚ ਕੋਈ ਬੱਚਾ ਨਾ ਹੋਣ ਦਾ ਤਾਅਨਾ ਵੀ ਦਿੰਦੀ ਹੈ।

ਝੂਠੇ ਦੋਸ਼ ਲਾਉਣ ਵਾਲੀ – ਉਹ ਆਪਣੀ ਨੂੰਹ ਮਨਜੀਤ ਉੱਪਰ ਝੂਠੇ ਦੋਸ਼ ਲਾਉਂਦੀ ਹੈ।ਉਹ ਸੁਖਦੇਵ ਨੂੰ ਉਸ ਦੇ ਵਿਰੁੱਧ ਸਿਖਾਉਂਦੀ ਹੈ।ਉਹ ਗੁਆਂਢਣ ਵਿਰੁੱਧ ਵੀ ਝੂਠੇ ਦੋਸ਼ ਲਾਉਂਦੀ ਹੈ।

ਈਰਖਾਲੂ – ਉਹ ਆਪਣੇ ਨੂੰਹ-ਪੁੱਤਰ ਦੇ ਪਿਆਰ ਨਾਲ ਈਰਖਾ ਕਰਦੀ ਹੈ, ਕਿਉਂਕਿ ਉਸ ਦੇ ਪਤੀ ਨੇ ਉਸ ਦੇ ਹੁੰਦਿਆਂ ਦੂਜਾ ਵਿਆਹ ਕਰਾ ਲਿਆ ਸੀ।

ਬੋਲ-ਕੁਬੋਲ ਬੋਲਣ ਵਾਲੀ – ਉਹ ਆਪਣੇ ਕੌੜੇ ਸੁਭਾ ਕਾਰਨ ਗੁਆਂਢਣ ਤੇ ਸਭਾ ਦੀਆਂ

ਮੈਂਬਰਾਂ ਸੰਬੰਧੀ 'ਛੁੱਟੜ' ਤੇ 'ਖੁਟੜੀ' ਆਦਿ ਸ਼ਬਦ ਵਰਤ ਕੇ ਕੁਬੋਲ ਬੋਲਦੀ ਹੈ।

**ਮਮਤਾ ਨਾਲ ਭਰਪੂਰ** – ਉਹ ਆਪਣੇ ਪੁੱਤਰ ਤੇ ਧੀ ਨਾਲ ਬਹੁਤ ਪਿਆਰ ਕਰਦੀ ਹੈ।ਉਹ ਪੁੱਤਰ ਦੇ ਘਰ ਵਿੱਚ ਬੱਚੇ ਦੇ ਜਨਮ ਦੀ ਇੱਛਾ ਵੀ ਕਰਦੀ ਹੈ।

**ਸ਼ੱਕੀ ਸੁਭਾਅ ਵਾਲੀ** – ਉਹ ਬਹੁਤ ਸ਼ੱਕੀ ਸੁਭਾਅ ਦੀ ਮਾਲਕ ਹੈ।ਉਸ ਨੂੰ ਸ਼ੱਕ ਸੀ ਕਿ ਜਦੋਂ ਉਹ ਪੁਦੀਨਾ ਤੋੜਨ ਗਈ ਸੀ, ਤਾਂ ਉਸ ਦੇ ਨੂੰਹ-ਪੁੱਤਰ ਉਸ ਦੀਆਂ ਚੁਗ਼ਲੀਆਂ ਕਰਦੇ ਸਨ।

**ਮਾਨਸਿਕ ਕਲੇਸ਼ ਦੀ ਸ਼ਿਕਾਰ** – ਆਪਣੇ ਪਤੀ ਦੇ ਦੂਜਾ ਵਿਆਹ ਕਰਾਉਣ ਕਰਕੇ ਉਹ ਮਾਨਸਿਕ ਕਲੇਸ਼ ਦਾ ਸ਼ਿਕਾਰ ਹੋ ਜਾਂਦੀ ਹੈ ਤੇ ਇਸ ਦਾ ਬਦਲਾ ਲੈਣ ਲਈ ਉਹ ਆਪਣੀ ਨੂੰਹ ਨੂੰ ਆਪਣੇ ਪੁੱਤਰ ਦਾ ਦੂਜਾ ਵਿਆਹ ਕਰਨ ਦੀਆਂ ਧਮਕੀਆਂ ਦਿੰਦੀ ਹੈ।

**ਮੌਕੇ ਅਨੁਸਾਰ ਬਦਲ ਜਾਣ ਵਾਲੀ** – ਉਹ ਆਪਣੀ ਧੀ ਦਾ ਦੁਖ ਵੇਖ ਕੇ ਬਦਲ ਜਾਂਦੀ ਹੈ ਤੇ ਮਨਜੀਤ ਤੋਂ ਆਪਣੀਆਂ ਵਧੀਕੀਆਂ ਦੀ ਮਾਫ਼ੀ ਮੰਗਦੀ ਹੈ।

**ਵਸਤੂਨਿਸ਼ਠ ਪ੍ਰਸ਼ਨ-ਉੱਤਰ:**

1. 'ਦੂਜਾ ਵਿਆਹ' ਇਕਾਂਗੀ ਦਾ ਲੇਖਕ ਕੌਣ ਹੈ?

ਉੱਤਰ: ਪ੍ਰਿ: ਸੰਤ ਸਿੰਘ ਸੇਖੋਂ

2. ਨਿਹਾਲ ਕੌਰ ਮਨਜੀਤ ਦੀ ਕੀ ਲਗਦੀ ਹੈ?

ਉੱਤਰ: ਸੱਸ

3. ਮਨਜੀਤ ਨਿਹਾਲ ਕੌਰ ਦੀ ਕੀ ਲਗਦੀ ਹੈ?

ਉੱਤਰ: ਨੂੰਹ

4. ਨਿਹਾਲ ਕੌਰ ਦੇ ਪਤੀ ਦਾ ਕੀ ਨਾਂ ਸੀ?

ਉੱਤਰ: ਗੁਰਦਿੱਤ ਸਿੰਘ

5. ਮਨਜੀਤ ਦੇ ਪਤੀ ਦਾ ਕੀ ਨਾਂ ਸੀ?

ਉੱਤਰ: ਸੁਖਦੇਵ

6. ਸੁਖਦੇਵ/ਸੁਖਦੇਵ ਕੌਰ ਦੀ ਮਾਂ ਦਾ ਕੀ ਨਾਂ ਸੀ?

ਉੱਤਰ: ਨਿਹਾਲ ਕੌਰ

7. ਸੁਖਦੇਵ ਕੌਰ ਦੇ ਪਤੀ ਦਾ ਕੀ ਨਾਂ ਸੀ?

ਬਲਵੰਤ ਸਿੰਘ

8. ਨਿਹਾਲ ਕੌਰ ਮਨਜੀਤ ਨੂੰ ਕਿਸ ਗੱਲ ਦਾ ਡਰਾਵਾ ਦਿੰਦੀ ਹੈ?

ਉੱਤਰ: ਦੂਜੇ ਵਿਆਹ ਦਾ

9. ਸੁਖਰਾਜ ਕੌਣ ਸੀ?

ਉੱਤਰ: ਇਸਤਰੀ ਸਭਾ ਦੀ ਪ੍ਰਧਾਨ

10. ਸੁਖਦੇਵ ਕੌਰ ਦੇ ਕਿੰਨੇ ਬੱਚੇ ਸਨ?

ਉੱਤਰ: ਦੋ ਧੀਆਂ

11. ਸੁਖਦੇਵ ਕੌਰ ਕਿਨ੍ਹਾਂ ਦੇ ਘਰ ਵਿਆਹੀ ਹੋਈ ਸੀ?

ਉੱਤਰ: ਜਗੀਰਦਾਰਾਂ ਦੇ ਘਰ

12. ਸੁਖਦੇਵ ਅਤੇ ਮਨਜੀਤ ਦੇ ਵਿਆਹ ਨੂੰ ਕਿੰਨਾ ਸਾਲ ਹੋ ਗਿਆ ਸੀ?

ਉੱਤਰ: ਢਾਈ ਸਾਲ